

## ਪੇਡ ਫ਼ੈਮਿਲੀ ਲੀਵ ਬਾਰੇ ਮੁੱਖ ਗੱਲਾਂ

- ਬੱਚੇ, ਮਾਪਿਆਂ, ਸੌਹਰਿਆਂ, ਦਾਦਾ ਦਾਦੀ, ਪੋਤੇ ਪੋਤੀਆਂ, ਭਰਾ-ਭੈਣ, ਜੀਵਨ ਸਾਥੀ ਜਾਂ ਰਜਿਸਟਰਡ ਘਰੇਲੂ ਪਾਰਟਨਰ ਦੀ ਦੇਖਭਾਲ ਕਰਨ ਲਈ ਕੰਮ ਤੋਂ ਸਮਾਂ ਕੱਢਣ ਤੇ, ਯੋਗ ਕਰਮਚਾਰਿਆਂ ਨੂੰ ਅੰਸ਼ਕ ਤਨਖਾਹ ਰਿਪਲੇਸਮੈਂਟ ਪ੍ਰਦਾਨ ਕਰਦਾ ਹੈ।
- SDI (ਜਾਂ SDI ਦੇ ਬਦਲੇ ਕੋਈ ਇੱਛਕ ਪਲਾਨ) ਹੇਠ ਕਵਰ ਹੁੰਦੇ ਕਰਮਚਾਰੀਆਂ ਨੂੰ ਕਵਰੇਜ ਪ੍ਰਦਾਨ ਕਰਦਾ ਹੈ।
- ਇੱਕ 12 ਮਹਿਨੀਆਂ ਦੀ ਮਿਆਦ ਦੇ ਵਿੱਚ 6 ਹਫ਼ਤਿਆਂ ਤੱਕ ਦੇ ਲਾਭ ਪ੍ਰਦਾਨ ਕਰਦਾ ਹੈ।
- ਬੌਂਡਿੰਗ ਲਾਭਾਂ ਦੇ ਭੁਗਤਾਨ ਜਨਮ, ਗੋਦ ਲੈਣ, ਜਾ ਫੌਸਟਰ ਦੇਖਭਾਲ ਪਲੇਸਮਟ ਦੇ ਇੱਕ ਸਾਲ ਦੇ ਅੰਦਰ ਅਦਾ ਕੀਤੇ ਜਾਂਦੇ ਹਨ।
- ਖੁੰਝੀ ਗਈ ਤਨਖਾਹ ਦੇ ਲਗਭਗ 55 ਪ੍ਰਸੈਂਟ ਲਾਭ ਪ੍ਰਦਾਨ ਕਰਦਾ ਹੈ।
- PFL ਲਾਭ ਟੈਕ੍ਸ ਯੋਗ ਆਮਦਨ ਮੰਨੇ ਜਾਂਦੇ ਹਨ।
- ਲਾਭ ਪ੍ਰਦਾਨ ਕਰਦਾ ਹੈ ਪਰ ਨੌਕਰੀ ਦੀ ਸੁਰੱਖਿਆ ਜਾਂ ਵਾਪਸੀ ਦੇ ਅਧਿਕਾਰ ਪ੍ਰਦਾਨ ਨਹੀਂ ਕਰਦਾ।

ਕੈਲੀਫ਼ੋਰਨੀਆ ਵਿੱਚ, ਇਹ ਕਨੂੰਨ ਹਨ।

# ਪੇਡ ਫ਼ੈਮਿਲੀ ਲੀਵ

## ਫਾਇਦੇ

ਆਨਲਾਇਨ ਅਪਲਾਈ ਕਰਨ ਲਈ ਜਾਂ ਵਧੇਰੇ ਜਾਣਕਾਰੀ ਲਈ,
www.edd.ca.gov/disability ਤੇ ਜਾਓ

| | |
|---|---|
| ਅੰਗਰੇਜ਼ੀ | 1-877-238-4373 |
| ਸਪੈਨਿਸ਼ | 1-877-379-3819 |
| ਕੈਨਟੋਨੀਸ | 1-866-692-5595 |
| ਵੀਅਤਨਾਮੀ | 1-866-692-5596 |
| ਅਰਮੇਨੀਅਨ | 1-866-627-1567 |
| ਪੰਜਾਬੀ | 1-866-627-1568 |
| ਟੈਗਾਲੋਗ | 1-866-627-1569 |

ਕੈਲੀਫ਼ੋਰਨੀਆ ਸਟੇਟ

EDD ਇੱਕ ਬਰਾਬਰ ਮੌਕਿਆਂ ਦਾ ਨਿਯੋਕਤਾ/ਪ੍ਰੋਗਰਾਮ ਹੈ। ਅਪਾਹਜ ਵਿਅਕਤੀਆਂ ਲਈ, ਬੇਨਤੀ ਉਪਰ ਸਹਾਇਕ ਏਡਜ਼ ਅਤੇ ਸੇਵਾਵਾਂ ਉਪਲਭਦ ਹਨ। ਸੇਵਾਵਾਂ, ਏਡਜ਼, ਅਤੇ/ਜਾਂ ਵਟਾਵੇਂ ਫਾਰਮੈਟ ਲਈ ਬੇਨਤੀਆਂ 1-866-490-8879 (ਵਾਇਸ) ਤੇ ਕਾਲ ਕਰਕੇ ਜਾਂ 711 ਤੇ ਕੇਲੀਫੋਰਨੀਆ ਰਿਲੇ ਸੇਵਾ ਦੇ ਜਰੀਏ ਕੀਤੀਆਂ ਜਾਣ।

ਇਹ ਇਸ਼ਤਿਹਾਰ ਸਿਰਫ਼ ਸਧਾਰਣ ਜਾਣਕਾਰੀ ਲਈ ਹੈ ਅਤੇ ਇਸ ਵਿੱਚ ਕਨੂੰਨ, ਨਿਯਮ ਜਾਂ ਕਾਇਦੇ ਦੀ ਤਾਕਤ ਜਾਂ ਪ੍ਰਭਾਵ ਨਹੀਂ ਹੈ।

EDD Employment Development Department
State of California





# ਇਹੋ ਜਿਹੇ ਸਮਿਆਂ ਲਈ ਤੁਹਾਨੂੰ ਜਿਸ ਸਮੇਂ ਦੀ ਜ਼ਰੂਰਤ ਹੁੰਦੀ ਹੈ

## ਪੇਡ ਫ਼ੈਮਿਲੀ ਲੀਵ



# ਕੈਲੀਫ਼ੋਰਨੀਆ ਦੇ ਕਰਮਚਾਰੀਆਂ ਲਈ ਪੇਡ ਫ਼ੈਮਿਲੀ ਲੀਵ ਦੇ ਲਾਭ

ਇੱਕ ਕੰਮਕਾਜੀ ਵਿਅਕਤੀ ਦੀ ਜਿੰਦਗੀ ਵਿੱਚ, ਅਜਿਹੇ ਵੇਲੇ ਆ ਸਕਦੇ ਹਨ ਜਦੋਂ ਉਹਨਾਂ ਨੂੰ ਆਪਣੇ ਕਿਸੇ ਪਿਆਰੇ ਦੀ ਦੇਖਭਾਲ ਕਰਨ ਦੀ ਲੋੜ ਹੋਵੇ। ਭਾਵੇਂ ਉਹ ਇੱਕ ਨਵੇਂ ਬੱਚੇ ਨਾਲ ਬਾਂਡਿੰਗ ਵਾਲੇ ਕੰਮਕਾਜੀ ਮਾਤਾ ਪਿਤਾ ਹੋਣ, ਜਾਂ ਫਿਰ ਇੱਕ ਗੰਭੀਰ ਰੂਪ ਨਾਲ ਬੀਮਾਰ ਬੱਚੇ, ਮਾਪਿਆਂ, ਸੋਹਰਿਆਂ, ਦਾਦਾ ਦਾਦੀ, ਪੋਤੇ ਪੋਤੀਆਂ, ਭਰਾ-ਭੈਣ, ਜੀਵਨ ਸਾਥੀ ਜਾਂ ਰਜਿਸਟਰਡ ਘਰੇਲੂ ਪਾਰਟਨਰ ਦੀ ਦੇਖਭਾਲ ਕਰਨ ਲਈ ਕੋਈ ਕਰਮਚਾਰੀ ਹੋਵੇ, ਕੈਲੀਫ਼ੋਰਨੀਆ ਦੀ ਪੇਡ ਫ਼ੈਮਿਲੀ ਲੀਵ (PFL) ਅਜਿਹੇ ਸਮੇਂ ਲਈ ਬਣਾਈ ਗਈ ਸੀ)।



# ਤੁਹਾਡੇ ਅਤੇ ਤੁਹਾਡੇ ਪਰਿਵਾਰ ਲਈ ਫਾਇਦੇ ਦਾ ਇੱਕ ਪ੍ਰੋਗਰਾਮ

ਕੈਲੀਫ਼ੋਰਨੀਆ ਪੂਰੇ ਮੁਲਕ ਦਾ ਪਹਿਲਾ ਰਾਜ ਹੈ ਜੋ ਕਰਮਚਾਰੀਆਂ ਲਈ, ਕੰਮ ਦੀਆਂ ਜਰੂਰਤਾਂ ਅਤੇ ਘਰ ਵਿੱਚ ਪਰਿਵਾਰ ਦੀਆਂ ਦੇਖਭਾਲ ਜਰੂਰਤਾਂ ਵਿੱਚ ਸੰਤੁਲਨ ਬਨਾਉਣਾ ਸੌਖਾ ਕਰਦਾ ਹੈ। PFL ਦੇ ਲਾਭ, ਦਾਅਵੇਦਾਰ (ਕੇਅਰ ਪ੍ਰਦਾਤਾ) ਦੀ ਪਿਛੱਲੀਆਂ ਤਿਮਾਹੀ ਕਮਾਈਆਂ ਉੱਤੇ ਅਧਾਰਤ ਹੁੰਦੇ ਹਨ। ਲਾਭ ਰਾਸ਼ੀ ਦੇ ਵੱਧ ਤੋਂ ਵੱਧ ਭੁਗਤਾਨ ਬਾਰੇ ਵਧੇਰੇ ਜਾਣਕਾਰੀ ਲਈ, **www.edd.ca.gov/disability** *Disability Insurance (DI) and Paid Family Leave (PFL) Weekly Benefit Amounts in Dollar Increments form*, DE 2589 (ਅਪਾਹਜਤਾ ਬੀਮਾ (DI) ਅਤੇ ਪੇਡ ਫ਼ੈਮਿਲੀ ਲੀਵ (PFL) ਡਾਲਰ ਇਨਕ੍ਰਿਮੇਨਸ ਫਾਰਮ, ਵਿੱਚ ਲਾਭ ਰਾਸ਼ੀ)

# ਕੈਲੀਫ਼ੋਰਨੀਆ ਦੇ ਕਰਮਚਾਰੀਆਂ ਲਈ ਪੇਡ ਫ਼ੈਮਿਲੀ ਲੀਵ

PFL ਲਾਭਾਂ ਦੇ ਯੋਗ ਹੋਣ ਲਈ, ਇਹ ਜਰੂਰਤਾਂ ਪੂਰੀਆਂ ਕਰਨੀਆਂ ਲਾਜ਼ਮੀ ਹਨ:

- ਰਾਜ ਅਪਾਹਜਪਣ ਬੀਮਾ (SDI) (ਜਾਂ SDI ਦੇ ਬਦਲੇ ਕੋਈ ਇੱਛਕ ਪਲਾਨ) ਦੇ ਹੇਠ ਕਵਰ ਅਤੇ ਤੁਹਾਡੀ ਬੇਸ ਮਿਆਦ ਜਿੱਥੋਂ ਕਟੌਤੀ ਹੋਈ ਹੋਵੇ, ਦੇ ਵਿੱਚ ਘੱਟ ਤੋਂ ਘੱਟ $300 ਕਮਾਏ ਹੋਣ।
- ਆਪਣੇ ਦਾਅਵੇ ਦੇ ਸਮੱਰਥਣ ਵਿੱਚ ਮੈਡੀਕਲ ਜਾਣਕਾਰੀ ਦੇਣਾ ਕੀ ਦੇਖਭਾਲ ਪ੍ਰਾਪਤ ਕਰਨ ਵਾਲੇ ਨੂੰ ਕੋਈ ਗੰਭੀਰ ਸਿਹਤ ਸਮੱਸਿਆ ਹੈ ਅਤੇ ਤੁਹਾਡੀ ਦੇਖਭਾਲ ਦੀ ਲੋੜ ਹੈ।
- ਆਪਣੀ ਫ਼ੈਮਿਲੀ ਲੀਵ ਸ਼ੁਰੂ ਹੋਣ ਦੇ ਪਹਿਲੇ ਦਿਨ ਤੋਂ 9 ਦਿਨਾਂ ਬਾਅਦ ਤੱਕ ਆਪਣੇ ਦਾਅਵੇ ਪੇਸ਼ ਨਾ ਕਰੋ, ਪਰ 49 ਦਿਨਾਂ ਦੇ ਵਿੱਚਕਾਰ ਪੇਸ਼ ਕਰੋ।
- ਇੱਕ ਨਵੇਂ ਜਨਮੇ, ਗੋਦ ਲਿੱਤੇ, ਜਾਂ ਫੋਸਟਰ ਬੱਚੇ ਦੇ ਨਾਲ ਬਾਂਡਿੰਗ ਦੇ ਲਈ ਦਾਅਵੇ ਦੇ ਸਮਰਥੱਨ ਵਿੱਚ ਦਸਤਾਵੇਜ ਪ੍ਰਦਾਨ ਕਰੋ।
- ਲਾਭਾਂ ਦੀ ਪ੍ਰਾਪਤੀ ਦੀ ਸ਼ੁਰੂਆਤ ਤੋਂ ਪਹਿਲਾਂ, ਜੇ ਤੁਹਾਡੇ ਮਾਲਕ ਵਲੋਂ ਜਰੂਰੀ ਹੋਵੇ, ਤੁਹਾਨੂੰ ਆਪਣੀ ਕੋਈ ਕਮਾਈ ਗਈ ਪਰ ਵਰਤੀ ਨਾਂ ਗਈ ਛੁੱਟੀਆਂ (ਵੇਕੇਸ਼ਨ ਲੀਵ) ਜਾਂ ਪੇਡ ਟਾਈਮ ਆਫ਼ ਵਿੱਚੋਂ ਦੋ ਹਫਤਿਆਂ ਤੱਕ ਦੀ ਵਰਤੋਂ ਕਰਨ ਦੀ ਲੋੜ ਪੈ ਸਕਦੀ ਹੈ।
- 12 ਮਹੀਨਿਆਂ ਦੀ ਮਿਆਦ ਦੇ ਦੌਰਾਨ ਹਰੇਕ ਵੱਖਰੇ ਦੇਖਭਾਲ ਪ੍ਰਾਪਤ ਕਰਨ ਵਾਲੇ ਲਈ, ਲਾਭਾਂ ਦਾ ਭੁਗਤਾਨ ਪ੍ਰਾਪਤ ਕਰਨ ਤੋਂ ਪਹਿਲਾਂ ਸੱਤ ਦਿਨਾਂ ਦੀ ਇੱਕ ਬਿਨਾਂ ਭੁਗਤਾਨ ਵੇਟਿੰਗ ਮਿਆਦ ਲਈ ਕੰਮ ਕਰੋ।

ਤੁਸੀਂ ਲਾਭ ਲਈ ਅਯੋਗ ਹੋ ਸਕਦੇ ਹੋ ਜੇ:

- ਤੁਸੀਂ ਅਪਾਹਜਣ ਬੀਮਾ, ਬੇਰੋਜ਼ਗਾਰੀ ਬੀਮਾ ਜਾਂ ਕਰਮਚਾਰੀ ਮੁਆਵਜੇ ਦੇ ਲਾਭ ਪ੍ਰਾਪਤ ਕਰ ਰਹੇ ਹੋ।
- ਜਦੋਂ ਤੁਸੀਂ ਆਪਣੀ ਫ਼ੈਮਿਲੀ ਕੇਅਰ ਲੀਵ ਸ਼ੁਰੂ ਕਰਦੇ ਹੋ, ਉਸ ਵੇਲੇ ਤੁਸੀਂ ਕੰਮ ਨਹੀਂ ਕਰ ਰਹੇ ਜਾਂ ਕੰਮ ਦੀ ਭਾਲ ਨਹੀਂ ਕਰ ਰਹੇ।
- ਤੁਸੀਂ ਤਨਖਾਹ ਨਹੀਂ ਗਵਾ ਰਹੇ ਹੋ।
- ਦੇਖਭਾਲ ਦੀ ਜਰੂਰਤ ਦੇ ਸਮਰਥਨ ਵਿੱਚ, ਇਲਾਜ ਕਰਨ ਵਾਲੇ ਡਾਕਟਰ/ਪ੍ਰੈਕਟੀਸ਼ਨਰ ਦਾ ਸਰਟੀਫਿਕੇਟ ਨਹੀਂ ਲਗਾਇਆ ਗਿਆ।
- ਕਿਸੇ ਜੁਰਮ ਦੇ ਦੋਸ਼ੀ ਪਾਏ ਜਾਣ ਦੇ ਕਾਰਨ ਤੁਸੀਂ ਹਿਰਾਸਤ ਵਿੱਚ ਹੋ।

ਤੁਹਾਨੂੰ ਇਹ ਹੱਕ ਹਨ:

- ਤੁਹਾਡੇ ਲਾਭਾਂ ਨੂੰ ਪ੍ਰਭਾਵਤ ਕਰਨ ਵਾਲੇ ਫੈਸਲਿਆਂ ਦਾ ਕਾਰਨ ਅਤੇ ਅਧਾਰ ਜਾਣਨਾ।
- ਲਾਭਾਂ ਲਈ ਤੁਹਾਡੀ ਯੋਗਤਾ ਬਾਰੇ ਫੈਸਲਿਆਂ ਦੀ ਅਪੀਲ ਕਰਨਾ। ਅਪੀਲਾਂ PFL ਨੂੰ ਲਿਖੱਤ ਰੂਪ ਵਿੱਚ ਭੇਜੀਆਂ ਜਾਣੀਆਂ ਚਾਹੀਦੀਆਂ ਹਨ।
- ਇੱਕ ਪ੍ਰਸ਼ਾਸਨਕ ਕਨੂੰਨ ਜੱਜ ਦੇ ਕੋਲ ਤੁਹਾਡੀ ਅਪੀਲ ਦੀ ਸੁਣਵਾਈ। ਫੈਸਲਿਆਂ ਦੇ ਉਪਰ ਅੱਗੇ, ਕੈਲੀਫ਼ੋਰਨੀਆ ਬੇਰੋਜ਼ਗਾਰੀ ਬੀਮਾ ਅਪੀਲ ਬੋਰਡ ਅਤੇ ਅਦਾਲਤਾਂ ਵਿੱਚ ਅਪੀਲ ਕੀਤੀ ਜਾ ਸਕਦੀ ਹੈ।
- ਕਨੂੰਨ ਤੋਂ ਮੰਜੂਰ ਮੰਤਵ ਤੋਂ ਇਲਾਵਾ, ਤੁਹਾਡੇ ਦਾਅਵੇ ਬਾਰੇ ਨਿੱਜੀ ਜਾਣਕਾਰੀ ਗੁਪੱਤ ਰੱਖੀ ਜਾਵੇਗੀ।

PFL ਲਾਭ ਨੌਕਰੀ ਦੀ ਸੁਰੱਖਿਆ ਜਾਂ ਵਾਪਸੀ ਦੇ ਅਧਿਕਾਰ ਪ੍ਰਦਾਨ ਨਹੀਂ ਕਰਦੇ। ਨੌਕਰੀ ਦੀ ਸੁਰਖਿਆ ਹੋ ਸਕਦੀ ਹੈ ਜੇ ਤੁਹਾਡਾ ਮਾਲਕ, ਫੈਡਰਲ ਫ਼ੈਮਿਲੀ ਐਂਡ ਮੈਡੀਕਲ ਲੀਵ ਐਕਟ ਅਤੇ ਕੈਲੀਫ਼ੋਰਨੀਆ ਫ਼ੈਮਿਲੀ ਰਾਈਟਸ ਐਕਟ ਦੇ ਹੇਠ ਆਉਂਦਾ ਹੈ। ਆਪਣੀ ਕੰਪਨੀ ਦੀ ਛੁੱਟੀ ਲੈਣ ਦੀ ਨੀਤੀ ਦੇ ਮੁਤਾਬਕ, ਆਪਣੇ ਮਾਲਕ ਨੂੰ ਛੁੱਟੀ ਲੈਣ ਦੇ ਕਾਰਨ ਦੀ ਇੱਤਲਾਹ ਦਿਓ।





# ਫਾਇਦਿਆਂ ਲਈ ਅਪਲਾਈ ਕਰੋ

PFL ਫਾਇਦਿਆਂ ਲਈ **www.edd.ca.gov/disability** ਤੇ SDI ਆਨਲਾਈਨ ਦਾ ਉਪਯੋਗ ਕਰਕੇ ਅਪਲਾਈ ਕਰੋ। ਮਾਲਕ ਅਤੇ ਡਾਕਟਰ/ਪ੍ਰੈਕਟੀਸ਼ਨਰ SDI ਆਨਲਾਈਨ ਦੇ ਜਰੀਏ ਦਾਅਵਾ ਜਾਣਕਾਰੀ ਪੇਸ਼ ਕਰ ਸਕਦੇ ਹਨ। ਤੁਸੀਂ ਇੱਕ ਕਾਗਜ਼ ਦੇ ਫਾਰਮ ਦੀ ਵਰਤੋਂ ਕਰਕੇ ਵੀ ਕਲੇਮ ਫਾਇਲ ਕਰ ਸਕਦੇ ਹੋ। ਇੱਕ ਕੇਲਮ ਫਾਰਮ ਲਈ ਬੇਨਤੀ ਕਰਨ ਲਈ, **www.edd.ca.gov/disability** ਤੇ ਜਾਓ।

ਜੇ ਤੁਸੀਂ ਵਰਤਮਾਨ ਵਿੱਚ DI ਗਰਭ-ਸਬੰਧਤ ਲਾਭ ਪ੍ਰਾਪਤ ਕਰ ਰਹੇ ਹੋ ਤਾਂ PFL ਕਲੇਮ ਫਾਰਮ ਲਈ ਬੇਨਤੀ ਕਰਨ ਦੀ ਜਰੂਰਤ ਨਹੀਂ ਹੈ। ਤੁਹਾਡੇ ਗਰਭ-ਸਬੰਧਤ ਦਾਅਵੇ ਦੇ ਖਤਮ ਹੋਣ ਤੇ, ਦਾਅਵਾ ਫਾਇਲ ਕਰਨ ਸਬੰਧਤ ਜਾਣਕਾਰੀ ਤੁਹਾਡੇ SDI ਆਨਲਾਈਨ ਅਕਾਊਂਟ ਦੇ ਜਰੀਏ ਭੇਜ ਦਿੱਤਾ ਜਾਵੇਗੀ ਜਾਂ ਈਮੇਲ ਰਾਹੀਂ ਕਲੇਮ ਫਾਰਮ ਭੇਜ ਦਿੱਤਾ ਜਾਵੇਗਾ।

ਜੇ ਤੁਸੀਂ ਕਿਸੇ ਇੱਛਕ ਪਲਾਨ ਦੇ ਵਿੱਚ ਕਵਰ ਹੋ, ਤਾਂ ਆਪਣੀ ਕਵਰੇਜ ਅਤੇ ਲਾਭਾਂ ਲਈ ਅਪਲਾਈ ਕਰਨ ਬਾਰੇ ਨਿਰਦੇਸ਼ਾਂ ਦੀ ਜਾਣਕਾਰੀ ਲੈਣ ਲਈ ਆਪਣੇ ਮਾਲਕ ਨਾਲ ਸੰਪਰਕ ਕਰੋ।

# ਪੇਡ ਫ਼ੈਮਿਲੀ ਲੀਵ ਨਾਲ ਸੰਪਰਕ ਕਰੋ

PFL ਲਾਭਾਂ ਬਾਰੇ ਸਵਾਲਾਂ ਲਈ, ਕਿਰਪਾ **www.edd.ca.gov/disability** ਤੇ ਜਾਓ।

ਫੋਨ ਨੰਬਰ ਪਿਛਲੇ ਪਾਸੇ ਦਿੱਤਾ ਗਿਆ ਹੈ।

ਕਲੇਮ ਫਾਰਮ, PFL ਨੂੰ ਇਸ ਪਤੇ ਤੇ ਭੇਜੇ ਜਾਣੇ ਚਾਹੀਦੇ ਹਨ।
PO Box 989315,
West Sacramento, CA 95798-9315